# ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਦੁਆਰਾ ਬਹਿਰੀਨ ਰਾਜ ਦਾ ਦੌਰਾ (04-05 ਮਈ, 2023)

05 ਮਈ, 2023

ਵਿਦੇਸ਼ ਮਾਮਲਿਆਂ ਅਤੇ ਸੰਸਦੀ ਮਾਮਲਿਆਂ ਦੇ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਨੇ 04-05 ਮਈ 2023 ਨੂੰ ਬਹਿਰੀਨ ਕਿੰਗਡਮ ਦਾ ਅਧਿਕਾਰਤ ਦੌਰਾ ਕੀਤਾ। ਦੌਰੇ ਦੌਰਾਨ ਉਨ੍ਹਾਂ ਨੇ ਬਹਿਰੀਨ ਦੇ ਵਿੱਤ ਮੰਤਰੀ ਐਚ.ਈ. ਸ਼ੇਖ ਸਲਮਾਨ ਬਿਨ ਖਲੀਫਾ ਅਲ ਖਲੀਫਾ ਅਤੇ ਕਿਰਤ ਮੰਤਰੀ ਐਚ.ਈ. ਮਿਸਟਰ ਜਮੀਲ ਬਿਨ ਮੁਹੰਮਦ ਅਲੀ ਹੁਮੈਦਾਨ ਸਮੇਤ ਸਮਾਜਿਕ ਵਿਕਾਸ ਮੰਤਰੀ ਐਚ.ਈ. ਮਿਸਟਰ ਓਸਾਮਾ ਬਿਨ ਅਹਿਮਦ ਖਲਾਫ ਅਲ ਅਸਫੂਰ ਨਾਲ ਮੁਲਾਕਾਤ ਕੀਤੀ। ਵਿਦੇਸ਼ ਰਾਜ ਮੰਤਰੀ ਨੇ ਬਹਿਰੀਨ ਦੇ ਵਿਦੇਸ਼ ਮੰਤਰਾਲੇ ਦੇ ਰਾਜਨੀਤਿਕ ਮਾਮਲਿਆਂ ਦੇ ਅਧੀਨ ਸਕੱਤਰ ਐਚ.ਈ. ਸ਼ੇਖ ਅਬਦੁੱਲਾ ਬਿਨ ਅਹਿਮਦ ਅਲ ਖਲੀਫਾ ਨਾਲ ਵੀ ਗੱਲਬਾਤ ਕੀਤੀ। ਉਨ੍ਹਾਂ ਨੇ ਬਹਿਰੀਨ ਵਿੱਚ ਭਾਰਤੀ ਭਾਈਚਾਰੇ ਸਮੇਤ ਭਾਰਤੀ ਮਿੱਤਰਾਂ ਵੱਲੋਂ ਇੱਕ ਸਵਾਗਤ ਦੌਰਾਨ ਡਿਪਟੀ ਸਪੀਕਰ ਪ੍ਰਤੀਨਿਧ ਪ੍ਰੀਸ਼ਦ (ਹੇਠਲੇ ਸਦਨ) ਐਚ.ਈ. ਮਿਸਟਰ ਅਬਦੁਲਨਬੀ ਸਲਮਾਨ ਸਮੇਤ ਹੋਰ ਵੀ ਸੰਸਦੀ ਮੈਂਬਰਾਂ ਨਾਲ ਮੁਲਾਕਾਤ ਕੀਤੀ।

ਰਾਜ ਮੰਤਰੀ ਅਤੇ ਬਹਿਰੀਨ ਦੇ ਮੰਤਰੀਆਂ ਨੇ ਹਾਲ ਹੀ ਦੇ ਸਾਲਾਂ ਵਿੱਚ ਦੁਵੱਲੇ ਸਬੰਧਾਂ ਦਰਮਿਆਨ ਲਗਾਤਾਰ ਪ੍ਰਗਤੀ 'ਤੇ ਖੁਸ਼ੀ ਪ੍ਰਗਟਾਈ। ਜਿਸ ਤਹਿਤ ਮੰਤਰੀ ਪੱਧਰੀ ਦੌਰਿਆਂ ਦਾ ਬਾਕਾਇਦਾ ਅਦਾਨ-ਪ੍ਰਦਾਨ ਹੁੰਦਾ ਰਿਹਾ ਹੈ। ਦੁਵੱਲੇ ਵਪਾਰ ਨੇ ਮਜ਼ਬੂਤ ਵਾਧਾ ਦਿਖਾਇਆ ਹੈ ਅਤੇ ਵਿੱਤੀ ਸਾਲ 22-23 ਵਿੱਚ ਇਸਦੇ 2 ਬਿਲੀਅਨ ਅਮਰੀਕੀ ਡਾਲਰ ਤੱਕ ਪਹੁੰਚਣ ਦੀ ਉਮੀਦ ਹੈ। ਰਾਜ ਮੰਤਰੀ ਨੇ ਭਾਰਤੀ ਕਾਮਿਆਂ ਅਤੇ ਪੇਸ਼ੇਵਰਾਂ ਸਮੇਤ ਭਾਰਤੀ ਭਾਈਚਾਰੇ ਦੀ ਵਧੀਆ ਦੇਖਭਾਲ ਕਰਨ ਲਈ ਬਹਿਰੀਨ ਦੀ ਲੀਡਰਸ਼ਿਪ ਦਾ ਧੰਨਵਾਦ ਕੀਤਾ। ਦੋਵੇਂ ਪੱਖ ਤਕਨਾਲੋਜੀ ਅਤੇ ਹੁਨਰ ਦੇ ਖੇਤਰਾਂ ਸਮੇਤ ਸਹਿਯੋਗ ਦੇ ਹੋਰ ਮੌਕਿਆਂ 'ਤੇ ਚਰਚਾ ਕਰਨ ਲਈ ਸਹਿਮਤ ਹੋਏ। ਦੋਵਾਂ ਧਿਰਾਂ ਨੇ ਸਾਂਝੇ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵੀ ਚਰਚਾ ਕੀਤੀ।

ਰਾਜ ਮੰਤਰੀ ਨੇ ਬਹਿਰੀਨ ਕੇਰਲੀਆ ਸਮਾਜ ਦੁਆਰਾ ਬਹਿਰੀਨ ਅਥਾਰਟੀ ਆਫ ਕਲਚਰ ਐਂਡ ਐਨਟਿਕੀਵੀਟੀਜ਼ (ਬੀ.ਏ.ਸੀ.ਏ.) ਦੇ ਪ੍ਰਧਾਨ ਸ਼ੇਖ ਖਲੀਫਾ ਬਿਨ ਅਹਿਮਦ ਅਲ ਖਲੀਫਾ ਨਾਲ ਮਿਲ ਕੇ ਆਯੋਜਿਤ ਭਾਰਤ-ਬਹਿਰੀਨ ਨਾਚ ਅਤੇ ਸੰਗੀਤ ਉਤਸਵ ਦਾ ਉਦਘਾਟਨ ਕੀਤਾ। ਉਹਨਾਂ ਨੇ ਸਮਾਜਿਕ ਵਰਕਰਾਂ ਅਤੇ ਵਾਲੰਟੀਅਰਾਂ, ਐਸੋਸੀਏਸ਼ਨਾਂ ਅਤੇ ਡਾਕਟਰੀ ਭਾਈਚਾਰੇ ਸਮੇਤ ਭਾਰਤੀ ਭਾਈਚਾਰੇ ਦੇ ਇੱਕ ਵਿਸ਼ਾਲ ਸਮੂਹ ਨਾਲ ਵੀ ਮੁਲਾਕਾਤ ਕੀਤੀ। ਰਾਜ ਮੰਤਰੀ ਨੇ ਇੰਡੀਅਨ ਸਕੂਲ ਬਹਿਰੀਨ ਵਿੱਚ ਆਯੋਜਿਤ ਇੱਕ ਸਮਾਗਮ ਵਿੱਚ ਭਾਰਤੀ ਸਕੂਲਾਂ ਦੇ 500 ਤੋਂ ਵੱਧ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਉਹਨਾਂ ਨੇ ਬਹਿਰੀਨ ਇੰਡੀਆ ਸੋਸਾਇਟੀ ਦੁਆਰਾ ਆਯੋਜਿਤ ਇੱਕ ਸਮਾਗਮ ਵਿੱਚ ਉੱਘੇ ਭਾਰਤੀਆਂ ਸਮੇਤ ਬਹਿਰੀਨ ਦੇ ਕਾਰੋਬਾਰੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਦੋਵਾਂ ਦੇਸ਼ਾਂ ਦਰਮਿਆਨ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਉਤਸ਼ਾਹਿਤ ਕੀਤਾ।

ਵਿਦੇਸ਼ ਰਾਜ ਮੰਤਰੀ ਨੇ ਬਹਿਰੀਨ ਦੀ ਅਮੀਰ ਸੱਭਿਆਚਾਰਕ ਵਿਰਾਸਤ ਜਿਸ ਵਿੱਚ ਪ੍ਰਸਿੱਧ ਬਾਬ ਅਲ ਬਹਿਰੀਨ, ਮਨਾਮਾ ਸੂਕ ਵਿੱਚ 'ਲਿਟਲ ਇੰਡੀਆ' ਅਤੇ ਸ਼੍ਰੀਨਾਥਜੀ ਮੰਦਰ ਸਮੇਤ ਦੋਵਾਂ ਦੇਸ਼ਾਂ ਦਰਮਿਆਨ ਲੋਕ-ਦਰ-ਲੋਕਾਂ ਦੇ ਸੰਪਰਕਾਂ ਨੂੰ ਦਰਸਾਉਂਦੀਆਂ ਵੱਖ-ਵੱਖ ਥਾਵਾਂ ਦਾ ਦੌਰਾ ਵੀ ਕੀਤਾ।

ਦੋਵੇਂ ਧਿਰਾਂ ਜਲਦ ਹੀ ਸਕੱਤਰ ਪੱਧਰ 'ਤੇ ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ ਦੇ 6ਵੇਂ ਦੌਰ ਨੂੰ ਆਯੋਜਿਤ ਕਰਨ ਅਤੇ ਉੱਚ ਪੱਧਰੀ ਸਿਆਸੀ ਦੌਰਿਆਂ ਦੀ ਗਤੀ ਨੂੰ ਬਰਕਰਾਰ ਰੱਖਣ ਲਈ ਸਹਿਮਤ ਹੋਈਆਂ।

**ਨਵੀਂ ਦਿੱਲੀ**

**05 ਮਈ, 2023**